**Purva Mimaansa | Refereed | Peer Reviewed**
**ISSN: 0976-0237 | Volume 13, Issue March 2022 | Impact Factor 4.762**

# ਪੰਜਾਬੀ ਕਿੱਸਾ ਕਾਵਿ : ਦਲਿਤ ਚੇਤਨਾ ਦਾ ਸੂਝ ਮਾਡਲ

**ਡਾ.ਨਿਰਵੈਰ ਸਿੰਘ**
ਮੁਖੀ ਪੰਜਾਬੀ ਵਿਭਾਗ
ਐਸ.ਡੀ.ਕਾਲਜ॥ ਅੰਬਾਲਾ ਛਾਉਣੀ।

ਸਮੁੱਚੇ ਪੰਜਾਬ ਸਾਹਿਤ ਚਿੰਤਨ ਅਤੇ ਚੇਤਨਾ ਵਿਚ ਉਸ ਧਿਰ ਦੀ ਪੈਰਵੀ ਕੀਤੀ ਗਈ ਹੈ,ਜੋ ਆਪਣੀ ਆਪਣੀ ਸਥਿਤੀ ਵਿਚ ਜਾਂ ਤਾਂ ਦੱਬੀ ਕੁਚਲੀ ਹੋਈ ਹੈ ਜਾਂ ਦਬਾਅ ਤੋਂ ਮੁਕਤ ਹੋਣ ਲਈ ਕਿਰਿਆਸ਼ੀਲ ਹੈ। ਇਸ ਕੇਂਦਰੀ ਤੱਥ ਰਾਹੀਂ ਹੀ ਸਮੁੱਚੇ ਪੰਜਾਬੀ ਸਾਹਿਤ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਇਸ ਤੱਥ ਨੂੰ ਜੇਕਰ ਸਿਧਾਂਤਕ ਪੱਧਰ ਉਪਰ ਵਿਚਾਰੀਏ ਤਾਂ ਇਹ ਮੰਨਣਾ ਪਵੇਗਾ ਕਿ ਸਾਹਿਤ ਚਿੰਤਨ ਦੀ ਅਸਲ ਭੂਮਿਕਾ ਹੀ ਇਹੀ ਹੈ ਕਿ ਉਨ੍ਹਾਂ ਧਿਰਾਂ ਅੰਦਰ ਚੇਤਨਾ ਪੈਦਾ ਕੀਤੀ ਜਾਵੇ ਜੋ ਡਾਢੇ ਜੋ ਹੱਥੀ ਤ੍ਰਾਸਦੀ ਭੋਗਰਹੀਆਂ ਹਨ। ਇਸੇ ਭੂਮਿਕਾ ਸਦਕਾ ਸਾਹਿਤ ਆਪਣਾ ਭੱਵਿਖ ਪ੍ਰਾਪਤ ਕਰਦਾ ਹੈ। ਸ਼ਬਦ ਕਲੋਲ ਜਾਂ ਰੋਮਾਂਚਕ ਪ੍ਰਪੰਚ ਉਪਰ ਉਸਰੀ ਰਚਨਾ ਆਪਣਾ ਕਰਤਾਰੀ ਕਰਮ ਗੁਆ ਕੇ ਖੁਦ ਬ ਖੁਦ ਮਾਨਵੀਂ ਸਮਰਿਤੀ ਵਿਚੋਂ ਕਿਰ ਜਾਂਦੀ ਹੈ। ਅੱਜ ਵੀ ਜੇਕਰ ਮੱਧਕਾਲੀ ਸਾਹਿਤ ਚਿੰਤਨ ਵਿਚੋਂ ਮਨੁੱਖੀ ਭਵਿੱਖ ਲਈ ਸੋਆਂ ਲੱਭੀਅੀ ਜੀਦੀਆਂ ਹਨ ਤਾਂ ਇਸ ਦਾ ਰਹੱਸ ਹੀ ਇਹ ਹੈ ਕਿ ਇਸ ਸਾਹਿਤ-ਚਿੰਤਨ ਵਿਚ ਉਸ ਮਨੁੱਖ ਨੂੰ ਉਭਾਰਿਆ ਗਿਆ ਹੈ ਜੋ ਆਪਣੀ ਸਥਿਤੀ ਦੇ ਸੰਕਟ ਤੋਂ ਮੁਕਤ ਹੋਣ ਲਈ ਕਿਰਿਆਸ਼ੀਲ ਹੈ। ਬਾਣੀਕਾਰਾਂ ਦੀ ਭੂਮਿਕਾ ਹੋਰ ਵੀਪ੍ਰਮਾਣਿਕ ਹੈ ਕਿਉਂਕਿ ਉਹ ਇੱਕੋ ਵੇਲੇ ਮਨੁੱਖ ਦੇ ਲੌਕਿਕ ਅਤੇ ਪਾਰਲੌਕਿਕ ਸਰੋਕਾਰਾਂ ਦੀ ਪਛਾਣ ਕਰਾਉਂਦੇ ਹਨ। ਇਸੇ ਪਛਾਣ ਵਿਚੋਂ ਹੀ ਮਨੁੱਖ ਆਪਣੇ ਭਵਿੱਖ ਨਾਲ ਜੁੜ ਕੇ ਮੁਕਤ ਹੁੰਦਾ ਹੈ। ਬਾਣੀਕਾਰਾਂ ਦੀ ਵਡਿਆਈ ਹੀ ਇਹ ਕਿ ਉਨ੍ਹਾਂ ਨੇ ਜਿਹੜੀ ਚੇਤਨਾ ਪੈਦਾ ਕੀਤੀ,ਉਹੀ ਚੇਤਨਾ ਭਵਿੱਖ ਵਿਚ ਦੂਜਿਆਂ ਪ੍ਰਤਿਮਾਨ ਬਣੀ। ਜੇਕਰ ਇਹ ਮੰਨਿਆ ਜਾਂਦਾ ਹੈ ਕਿ ਪੰਜਾਬੀ ਸਾਹਿਤ ਚਿੰਤਨ ਵਿਚ ਦੱਬੀਆਂ ਧਿਰਾਂ ਨੂੰ ਅਭਿਵਿਅਕਤੀ ਮਿਲੀ ਹੈ ਤਾਂ ਇਸ ਅਭਿਵਿਅਕਤੀ ਦਾ ਵੱਡਾ ਜਲੋ-ਬਾਣੀ ਸੰਸਾਰ ਵਿਚ ਮਿਲਦਾ ਹੈ ਭਾਵ ਪੰਜਾਬੀ ਸਾਹਿਤ-ਚਿੰਤਨ ਅਤੇ ਚੇਤਨਾ ਦਾ ਕੇਂਦਰੀ ਸੂਤਰ ਤਾਂ ਬਾਣੀਕਾਰਾਂ ਨੇ ਹੀ ਨਿਸ਼ਚਿਤ ਕਰ ਦਿੱਤਾ ਸੀ। ਇਸ ਪੱਖੋਂ ਮੱਧਕਾਲੀ ਸਾਹਿਤ ਚਿੰਤਨ ਆਧੁਨਿਕ ਸਾਹਿਤ ਸਿਰਜਣਾ ਦਾ ਪ੍ਰੇਰਣਾ ਸਰੋਤ ਕਿਹਾ ਜਾ ਸਕਦਾ ਹੈ। ਕੁੱਲ ਮਿਲਾ ਕੇ ਇਹ ਤੱਥ ਬੜੀ ਸਪੱਸ਼ਟ ਕਿ ਸਮੁੱਚੇ ਪੰਜਾਬੀ ਸਾਹਿਤ ਚਿੰਤਨ ਅਤੇ ਚੇਤਨਾ ਦੀ ਭੂਮਿਕਾ ਦਬੀਆਂ ਅਤੇ ਦਬਾਅ ਤੋਂ ਮੁਕਤ ਹੋਣ ਦੇ ਸੰਘਰਸ਼ 'ਚੋ ਲੰਘ ਰਹੀਆਂ ਧਿਰਾਂ ਦੀ ਪੈਰਵੀਂ ਕਰਨ ਵਾਲੀ ਹੈ।

ਇਸ ਸਪੱਸ਼ਟੀਕਰਨ ਤੋਂ ਬਾਦ ਜੇਕਰ ਪੰਜਾਬੀ ਕਿੱਸਾ-ਕਾਵਿ ਵਿਚਲੀ ਦਲਿਤ-ਚੇਤਨਾ ਨੂੰ ਵਿਚਾਰੀਏ ਤਾਂ ਇਸ ਗੱਲ ਦੀ ਪ੍ਰਤੀਤੀ ਹੁੰਦੀ ਹੈ ਕਿ ਕਿੱਸਾ-ਕਾਵਿ ਦੀਆਂ ਵਿਭਿੰਨ ਕਥਾਵਾਂ ਉਨ੍ਹਾਂ ਵਿਅਕਤੀਆਂ ਦੀ ਪੀੜਾ ਨੂੰ ਪ੍ਰਸਤੁਤ ਕਰਦੀਆਂ ਹਨ ਜੋ ਆਪਣੀ- ਆਪਣੀ ਸਥਿਤੀ ਵਿਚ ਜਾਂ ਤਾਂ ਜਕੜੇ ਹੋਏ ਹਨ ਜਾਂ ਇਸ ਜਕੜ ਤੋਂ ਮੁਕਤ ਹੋਣ ਲਈ ਜਤਨਸ਼ੀਲ ਹੁੰਦੇ ਹਨ। ਇਹਨਾਂ ਵਿਅਕਤੀਆਂ ਦੀ ਪਛਾਣ ਇਹ ਹੈ ਕਿ ਉਨ੍ਹਾਂ ਬੰਧਨਾਂ ਦਾ ਵਿਦਰੋਹ ਕਰਦੇ ਹਨ ਜੋ ਉਨ੍ਹਾਂ ਦੀ ਆਤਮ-ਪੂਰਤੀ ਦੇ ਰਾਹ ਵਿਚ ਬਾਧਕ ਬਣਦੇ ਹਨ। ਇਹ ਜ਼ਰੂਰੀ ਨਹੀਂ ਕਿ ਵਿਅਕਤੀ ਦੇ ਵਿਦਰੋਹ ਝੱਟ-ਪੱਟ ਕਿਸੇ ਸਮੂਹਕ ਚੇਤਨਾ ਵਿਚ ਫੈਲੇ ਪਰ ਇਹ ਤੱਥ ਬੜਾ ਸਪੱਸ਼ਟ ਹੈ ਕਿ ਇਤਿਹਾਸ ਨੂੰ ਨਵਾਂ ਰੁਖ ਦੇਣ ਵਿਚ ਇਹ ਵਿਦਰੋਹ ਪੈੜਚਾਲ ਬਣਦਾ ਹੈ। ਕਿੱਸਾ-ਕਾਵਿ ਦੀਆਂ ਇਹ ਵਿਭਿੰਨ ਕਥਾਵਾਂ ਪਹਿਲੀ ਨਜ਼ਰੇ ਵਿਅਕਤੀ ਵਿਦਰੋਹ ਜਾਪਦੀਆਂ ਹਨ ਪਰ

PURVA MIMAANSA

ਇਹਨਾਂ ਅੰਦਰਲੇ ਵੇਰਵੇ ਇਸ ਗੱਲ ਦਾ ਗਿਆਨ ਕਰਾਉਂਦੇ ਹਨਕਿ ਇਹ ਵਿਦਰੋਹ ਤਾਂ  ਉਨ੍ਹਾਂ ਧਿਰਾਂ ਨੂੰ ਵਿਅਕਤ ਕਰਦਾ ਹੈ ਜੋ ਇਕ ਲੰਮੇ ਅਰਸੇ ਤੋਂ ਗ੍ਰਸੀਆਂ ਹੋਈਆਂ ਹਨ। ਇਸ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਕਿੱਸਾ-ਕਾਵਿ ਵਿਚ ਦਬੀਆ ਧਿਰਾਂ ਨੂੰ ਪ੍ਰਗਟ ਹੋਣ ਦਾ ਅਵਸਰ ਮਿਲਿਆ ਹੈ। ਪ੍ਰਮਾਣ ਵਜੋਂ ਦੁੱਲਾ ਭੱਟੀ ਦਾ ਵਿਦਰੋਹ ਪਹਿਲੀ ਪਰਤ ਉਪਰ ਆਪਣੇ ਪਿਤਾ ਦੇ ਕਤਲ ਦਾ ਬਦਲਾ ਜਾਪਦਾ ਪਰ ਇਹੀ ਵਿਦਰੋਹ ਉਦੋਂ ਸਮੂਹਕ ਬਣ ਜਾਂਦਾ ਹੈ ਜਦੋਂ ਦੁੱਲੇ ਦੇ ਵਿਦਰੋਹ ਨੂੰ ਦਬੀਆਂ ਸ਼ਕਤੀਆਂ ਪ੍ਰਤਿਮਾਨਬਣਾ ਲੈਂਦੀਆਂ ਹਨ। ਦੁੱਲੇ ਭੱਟੀ ਨਾਲ ਕਾਜ਼ੀ ਬਦਮਿਜ਼ਾਜ਼ੀ  ਅਤੇ ਹਾਕਮੀ ਸੁਰ ਵਿਚ ਗੱਲ ਕਰਦਾ ਹੈ। ਦੁੱਲੇ ਦੀ ਸਥਿਤੀ ਨੂੰ ਦੱਬੀ ਹੋਈ ਮੰਨ ਕੇ ਉਹ ਦੁੱਲੇ ਭੱਟੀ ਨੂੰ ਚੋਬਾਂ ਮਾਰਦਾ ਹੈ:

"ਜੇਹੜਾ ਹੁਕਮ ਤੋਂ ਜਰਾ ਖਲਾਫ ਕਰਦਾ
ਮਾਰ ਮਾਰ ਕੇ ਤੀਰ ਬਨਾਵਨਾ ਹਾਂ।
ਸੁਣੋ ਹੁਕਮ ਤੇ ਸ਼ਬਦ ਨੂੰ ਯਾਦ ਕਰਦਾ
ਮੈਂਤਾਵਾਰੇ  ਉਸ ਤੋਂ ਜਾਵਨਾ ਹਾਂ।"(1)

ਇਹੀ ਦੁੱਲਾ ਫਿਰ 'ਕੁਕਨਸ' ਦਾ ਪ੍ਰਤੀਕ ਬਣ ਕੇ ਇਕ ਅਜਿਹੀ ਚੇਤਨਾ ਪੈਦਾ ਕਰਦਾ ਹੈ ਜੋ ਅਣਹੋਇਆ ਲਈ ਮਾਰਗ ਉਲੀਕਦਾ ਹੈ। ਕਹਿਣ ਦਾ ਮੂਲ ਭਾਵ ਇਹ ਹੈ ਕਿ ਕਿੱਸਾ-ਕਾਵਿ ਦੀਆਂ ਵਿਭਿੰਨ ਪਹਿਲੀ ਪਰਤ ਉਪਰ ਵਿਅਕਤੀਗਤ ਵਿਦਰੋਹ ਜਾਪਦੀਆਂ ਹਨ ਪਰ ਇਹ ਵਿਦਰੋਹ ਉਦੋਂ ਵਿਅਕਤੀਗਤ ਨਹੀਂ ਰਹਿੰਦਾ ਜਦੋਂ ਇਸ ਵਿਦਰੋਹ ਨੂੰ ਦਬੀਆਂ ਧਿਰਾਂ ਆਪਣਾ ਪ੍ਰਤਿਮਾਨ ਬਣਾ ਲੈਂਦੀਆਂ ਹਨ। ਦੂਜਾ ਇਹ ਤੱਥ ਵੀ ਮਹੱਤਵਪੂਰਨ ਹੈ ਕਿ ਵਿਅਕਤੀ ਵੀ ਤਾਂ ਸਮੂਹ ਵਿਚੋਂ ਉਭਰੀ ਇਕ ਆਵਾਜ਼ ਹੈ ਜੋ ਦੂਸਰੀਆਂ ਸਮੂਹਕ ਆਵਾਜ਼ਾਂ ਨੂੰ ਉਭਾਰਨ ਲਈ ਪ੍ਰੇਰਨਾ ਦਾ ਸੋਮਾ ਬਣਦਾ ਹੈ। ਮਿਸਾਲ ਵਜੋਂ ਹੀਰ ਜਾਂ ਸੱਸੀ ਦਾ ਵਿਦਰੋਹ ਕੇਵਲ ਵਿਅਕਤੀਗਤ ਨਹੀਂ ਕਿਉਂਕਿ ਇਹ ਵਿਦਰੋਹ ਤਾਂ ਹਰ ਉਸ ਧਿਰ ਦਾ ਹੈ ਜੋ ਮਰਿਆਦਾ ਦੇ ਕਰੜੇ ਬੰਧਨ ਤੋਂ ਮੁਕਤ ਹੋਣ ਲਈ ਜਤਨਸ਼ੀਲ ਹੈ। ਕਿੱਸਾਕਾਰਾਂ ਦੀ ਵਡਿਆਈ ਇਹ ਹੈ ਕਿ ਉਹਨਾਂ ਰਾਜਿਆਂ ਦੇ ਕਸੀਦੇ ਲਿਖਣ ਦੀ ਥਾਂ ਉਹਨਾਂ ਲੋਕਾਂ ਦੇ ਦਰਦ ਦੀ ਬਾਤ ਪਾਈ  ਹੈ ਜੋ ਆਪਣੀ ਸੰਕਟ ਗ੍ਰਸਤ ਸਥਿਤੀ ਤੋਂ ਮੁਕਤ ਹੋਣ ਲਈ ਜੂਝਦੇ ਹਨ। ਕਿੱਸਾ ਰੂਪ ਬਸੰਤ ਵੀ ਸਮਾਜਕ ਅਤੇ ਵਿਅਕਤੀਗਤ ਲਾਲਚੀ ਮਾਨਸਿਕਤਾ ਦੀ ਦੱਬ ਹੇਠ ਆਏ ਮਾਨਵ ਦਾ ਸਰੂਪ ਪੇਸ਼ ਕਰਦਾ ਹੈ। ਬਸੰਤ ਆਪਣੀ ਮਤਰੇਈ ਮਾਂ ਚੰਦਰਾਵਤੀ ਦੇ ਉਸ ਉੱਪਰ ਮੋਹਿਤ ਹੋ ਜਾਣ ਤੋਂ ਬਾਦ ਆਪਣੇ ਲੰਗੋਟੇ ਦੀ ਸੰਭਾਲ ਰੱਖਦਾਹੈ ਉਸਦਾ ਬਾਪ ਪੂਰਨ ਵਾਂਗ ਉਸਨੂੰ ਸਜ਼ਾ ਦਾ ਹੁਕਮ ਦਿੰਦਾ ਹੈ। ਬਸੰਤ ਦਾ ਭਰਾ ਰੂਪ ਉਸਨੂੰ ਬਗ਼ਾਵਤ ਕਰਨ ਦੀ ਸਲਾਹ ਦਿੰਦਾ ਹੈ। ਪਰ ਬਸੰਤ ਬਨਵਾਸ ਕੱਟਣ ਮਿਸ਼ਰ ਜਾਂਦਾ ਹੈ। ਬਸੰਤ ਨੂੰ ਸੱਪਕੱਟਣ ਤੇ ਇਲਾਜ ਕਰਣ ਆਏ ਜੋਗੀ ਉਤੇ ਉਸਦੀ ਪਤਨੀ ਮੋਹਿਤ ਹੋ ਜਾਂਦੀ  ਹੈ । ਉਸਨੂੰ ਗਹਿਰੇ ਸਮੁੰਦਰ 'ਚ ਧੱਕਾ ਦੇ ਦਿੰਦੀ ਹੈ । ਵਿਅਕਤੀਗਤ ਭਾਵਨਾਵਾਂ ਅੱਗੇ ਬਸੰਤ ਦੱਬ ਰਹਿੰਦਾ ਹੈ । ਉਹ ਧਰਮ-ਅਧਰਮ,ਸੱਚ-ਝੂਠ,ਵਿਚਲੀ ਸਥਿਤੀ ਨਾਲ ਲੜਦਾ ਹੈ । ਉਹ ਸੰਕਟ ਝੱਲਦਾ ਹੈ। ਪਰ ਨੈਤਿਕਤਾ ਰੂਪੀ ਤਗੜੇ ਅਵਚੇਤਨ ਨੂੰ ਨਹੀ ਮਰਨ ਦਿੰਦਾ । ਇਹੀ ਤੱਥ ਕਿੱਸਾ-ਕਾਵਿ ਦੀ ਗੌਰਵਤਾਨੂੰ ਨਿਸ਼ਚਿਤ ਕਰਦਾ ਹੈ

ਪੰਜਾਬੀ ਕਿੱਸਾ-ਕਾਵਿ ਵਿਚਲੀ ਦਲਿਤ ਚੇਤਨਾ ਨੂੰ ਸਹੀ ਪ੍ਰਸੰਗ 'ਚ ਸਮਝਣ ਲਈ ਕਿੱਸਿਆਂ ਦੀਆਂ ਵਿਭਿੰਨ ਕਥਾਵਾਂ ਦੇ ਮੂਲ ਚਰਿੱਤਰ ਨੂੰ ਪਛਾਣਨ ਦੀ ਲੋੜ ਹੈ। ਇਸ ਪਛਾਣ ਵਿਚੋਂ ਇਸ ਤੱਥ ਦੀ ਸੋਝੀ ਹੋਵੇਗੀ ਕਿ ਇਹਨਾਂ ਕਥਾਵਾਂ ਦੇ ਅੰਤਰੀਵ ਅਰਥਾਂ ਵਿਚੋਂ ਇਕ ਤਿੱਖਾ ਸੰਘਰਸ਼ ਉਘੜਦਾ ਹੈ ਜੋ ਸਿਰਫ ਵਿਅਕਤੀਗਤ ਨਾ ਹੋ ਕੇ ਸਮੁੱਚੇ ਸਮੂਹ ਦਾ ਸੰਘਰਸ਼ ਬਣ ਜਾਂਦਾ ਹੈ। ਸਮਾਜ, ਭਾਈਚਾਰਾ ਅਤੇ ਪਰਿਵਾਰ ਕਿੱਸਾ ਕਾਵਿ ਵਿਰੋਧੀ ਭੂਮਿਕਾ ਨਿਭਾਉਂਦੇ ਹਨ। ਅਸਲ ਵਿਚ ਜਗੀਰਦਾਰੀ ਪ੍ਰਬੰਧ / ਸਮਾਜ ਵਿਚ ਇਸ਼ਕ/ਪ੍ਰੀਤ ਨੂੰ ਦਬਾਇਆ ਅਤੇ ਕੁਚਲਿਆ ਜਾਂਦਾ ਰਿਹਾ ਹੈ। ਪ੍ਰੇਮੀ ਦੀ

ਸਥਿਤੀ ਨਿਮਾਣੀ ਅਤੇ ਦਲਿਤ ਰਹੀ ਹੈ। ਮਾਪੇ ਵੀ ਸਮਾਜ ਦੀ ਪ੍ਰਤਿਨਿਧਤਾ ਅਤੇ ਦਬਾਉਣ ਵਾਲੀ ਅਵਚੇਤਨਾ ਕਾਰਨ ਪ੍ਰੇਮੀਆਂ ਮਾਰਨ ਸਮੇਂ ਇਕ ਪਲ ਵੀ ਦੁਚਿਤੀ ਵਿਚ ਨਹੀਂ ਪੈਂਦੇ ,ਇਸ਼ਕ ਦੇ ਪਵਿੱਤਰ ਜ਼ਜ਼ਬੇ ਨੂੰ ਪਾਪ ਮੰਨ ਕੇ ਪਰਿਵਾਰ ,ਮਾਪੇ ਅਤੇ ਭਾਈਚਾਰਾ ਵਿਰੋਧੀ ਸੁਰ ਅਪਨਾਉਂਦਾ ਹੈ। ਹੀਰ ਦੀ ਮਾਂ ਦੇ ਇਹ ਬੋਲ :

"ਮਲਕੀ ਆਖਦੀ ਚੂਚਕਾ ਬਣੀ ਔਖੀ ,
ਸਾਨੂੰ ਹੀਰ ਦੇ ਮਿਹਣਿਆਂ ਖੁਆਰ ਕੀਤਾ ।
ਤਾਨਾ ਦੇਣ ਸ਼ਰੀਕ ਤੇ ਲੋਕ ਸਾਰੇ
ਚਾਰੇ ਤਰਫ ਖੁਆਰ ਸੰਸਾਰ ਕੀਤਾ।" (2)

ਪ੍ਰਮਾਣ ਵਜੋਂ ਇਸ਼ਕ ਦੇ ਕਿੱਸਿਆਂ ਵਿਚ ਕੇਵਲ ਪ੍ਰੀਤ ਕਥਾ ਦੀ ਦਿਲਚਸਪ ਵਾਰਤਾ ਨਹੀਂ ਬਲਕਿ ਇਹ ਕਿੱਸੇ ਤਾਂ ਉਸ ਨਿਰੰਤਰ ਟਕਰਾਉ ਦੀ ਪੇਸ਼ਕਾਰੀ ਕਰਦੇ ਹਨ ਜੋ ਵਿਅਕਤੀ ਅਤੇ ਸਮਾਜ ਵਿਚਕਾਰ ਬਣਿਆ ਰਹਿੰਦਾ ਹੈ। ਇਸ ਟਕਰਾਉਵਿਚ ਵਿਅਕਤੀ ਦੀ ਸਥਿਤੀ ਨਿਤਾਣੀ ਹੈ। ਉਸ ਦੀ ਸਮੱਸਿਆ ਪ੍ਰਵਾਨ ਨਹੀਂ ਕਰਦੀ ਫਲਸਰੂਪਵਿਅਕਤੀ ਨੂੰ ਤਰਾਸਦੀ ਦਾ ਭਾਗ ਬਣਨਾ ਪੈਂਦਾ ਹੈ। ਕਿੱਸਾ-ਕਾਵਿ ਵਿਚ ਤ੍ਰਾਸਦੀ ਦਾ ਕੇਵਲ ਲਕੀਰੀ ਪਾਸਾਰ ਨਹੀਂ ਹੁੰਦਾ ਬਲਕਿ ਇਸ ਤ੍ਰਾਸਦੀ ਦੇ ਜਟਿਲ ਕਾਰਨਾਂ ਨੂੰ ਉਘਾੜਿਆ ਗਿਆ ਹੈ। ਇਸ ਵਿਚ ਸੰਦੇਹ ਨਹੀ ਅਤੇ ਕਿ ਇਸ਼ਕ ਕਰਨ ਵ੍ਹਾਲੀ ਹਰ ਧਿਰ ਨੂੰ ਸਮਾਜ ਪੂਰੇ ਬਲ ਨਾਲ ਦਬਾਉਂਦਾ ਹੈ ਪਰ ਇਸ ਦਬਾਓ ਦਾ ਦੂਹਰਾ ਤੀਹਰਾ ਵਾਰ ਔਰਤ ਨੂੰ ਸਹਿਣਾ ਪੈਂਦਾ ਹੈ। ਇਸ਼ਕ ਦੇ ਕਿੱਸਿਆਂ ਵਿਚੋਂ ਇਸ ਗੱਲ ਦੀ ਪ੍ਰਤੀਤੀ ਹੁੰਦੀ ਹੈ ਕਿ ਔਰਤ ਅਤੇ ਮਰਦ ਦੋਵੇਂ ਭਾਵੇਂ ਇਕੋ ਜਿੰਨੀ ਸ਼ਿੱਦਤ ਨਾਲ ਸਮਾਜਿਕ ਮੁੱਲਾਂ ਵਿਰੁੱਧ ਜੂਝਦੇ ਹਨ ਪਰ ਫਿਰ ਵੀ ਔਰਤ ਦੀ ਤਿੱਖੀ ਕਾਰਜਸ਼ੀਲਤਾ ਅਤੇ ਉਸ ਵਿਰੁੱਧ ਸਮਾਜਿਕ ਫੈਸਲਾ ਵਧੇਰੇ ਉਘੜਵਾਂ ਹੈ। ਇਹੀ ਕਾਰਨ ਹੈ ਕਿ ਕਿੱਸਿਆਂ ਦੀਆਂ ਨਾਇਕਾਵਾਂ ਦੂਹਰਾ ਤੀਹਰਾ ਦਰਦ ਭੋਗਦੀਆਂ ਜਾਨ ਵਾਰਦੀਆਂ ਹਨ। ਇੱਕੋ ਵੇਲੇ ਉਹ ਘਰ ਪਰਿਵਾਰ ਦੇ ਅੰਦਰ ਬਾਹਰਦਬਾਅ ਅਧੀਨ ਹਨ। ਆਪਣੀ ਹੋਣੀ ਆਪ ਚੁਣ ਕੇ ਉਹ ਸਮਾਜਕ ਫੈਸਲਿਆਂ ਨੂੰ ਕਰੜੀ ਚੁਨੌਤੀ ਦਿੰਦੀਆਂ ਹਨ। ਇਸ਼ਕ ਦੇ ਕਿੱਸਿਆਂ ਦੀ ਖੂਬੀ ਇਹ ਹੈ ਕਿ ਕਿੱਸਾਕਾਰਾਂ ਨੇ ਚਿਅਕਤੀ ਅਤੇ ਸਮਾਜ ਦੇ ਪ੍ਰਸਪਰ ਟਕਰਾਉ ਨੂੰ ਇਕ ਲੰਮੇ ਵਕਫੇ ਵਿਚ ਫੈਲਾਇਆ ਹੈ। ਇਸ ਫੈਲਾਉ ਵਿਚੋਂ ਹੀ ਦੋਵੇਂ ਧਿਰਾਂ ਦੀ ਆਪਣੀ ਸਥਿਤੀ ਪ੍ਰਗਟ ਹੁੰਦੀ ਹੈ। ਵਿਅਕਤੀ ਆਪਣੀ ਸੁਤੰਤਰ ਇੱਛਾ ਦੀ ਪੂਰਤੀ ਲਈ ਬਜ਼ਿੱਦ ਹੈ ਜਦ ਕਿ ਸਮਾਜਿਕ ਮਰਿਆਦਾ ਇਸ ਇੱਛਾ ਨੂੰ ਘੋਰ ਅਪਰਾਧ ਮੰਨਦੀ ਹੋਈ ਉਸ ਨੂੰ ਦੁਖਾਂਤ ਦਾ ਭਾਗੀ ਬਣਾ ਦਿੰਦੀ ਹੈ। ਸਮਾਜਕਮਰਿਆਦਾ ਦਾ ਦਬਾਅ ਐਨਾ ਕਰੜਾ ਹੈ ਕਿ ਆਣੇ ਹੱਥੀਂ ਧੀ ਨੂੰ ਮਾਰਨਾ ਪੁੰਨ ਸਮਝਿਆ ਜਾਂਦਾ ਹੈ।

ਭਗਤੀ ਦੇ ਕਿੱਸਾ ਕਾਵਿ ਵਿਚ ਅੱਜ ਵਾਂਗ ਇਸਤਰੀ ਨੂੰ ਦੱਬੀ ਕੁਚਲੀ ਹੀ ਮੰਨਿਆ ਗਿਆ ਹੈ। ਔਰਤ ਨੂੰ ਵਾਰ ਵਾਰ ਪ੍ਰਮਾਣ ਦੇਣਾ ਪਿਆ। ਅਤੇ ਉਸ ਤੋਂ ਮੰਗਿਆ ਵੀ ਗਿਆ । ਪੂਰਨ ਭਗਤ ਵਿਚਲੀ ਲੂਣਾ ,ਰਾਣੀ ਸੁੰਦਰਾਂ ਅਤੇ ਗੋਪੀ ਚੰਦ ਦੇ ਕਿੱਸੇ ਵਿਚਲੀ ਰਾਣੀ ਬਾਲ ਸੁੰਦਰੀ ਦੀ ਨਿੱਜੀ ਅਕਾਂਖਿਆਵਾਂ ਸਮਾਜਿਕ ਮਰਿਆਦਾ ਕਾਰਨ ਦੱਬੀਆਂ ਨਜ਼ਰ ਆਉਂਦੀਆਂ ਹਨ। ਭਗਤੀ ਦੇ ਕਿੱਸਿਆਂ 'ਚ ਜੋਗੀ ਜੋਗ ਦੇਣ ਸਮੇਂ ਇਸਤਰੀ ਦਲਿਤ ਮੰਨਦਾ ਹੋਇਆ ਹਮੇਸ਼ਾ ਉਸਤੋਂ ਦੂਰ ਰਹਿਣ ਦਾ ਸੰਦੇਸ਼ ਵੀ ਨਾਲ ਦਿੰਦਾ ੀ ਭੋਗ ਤੋਂ ਦੂਰ ਰਹਿਣ ਵਿਚ ਹੈ। ਜੋਗੀ ਦੇ ਸੰਸਾਰ ਵਿਚ ਔਰਤ ਦੇ ਪ੍ਰਵੇਸ਼ ਦੀ ਪਾਬੰਦੀ ਹੈ। ਅਸਲ ਵਿਚ ਭਗਤੀ ਦੇ ਕਿੱਸਿਆਂ ਵਿਚ ਲੂਣਾ,ਸੁੰਦਰਾਂ,ਪਿੰਗਲਾ ਅਤੇ ਚੰਦਰਾਵਤੀ ਆਦਿ ਔਰਤਾਂ ਨੂੰ ਵਿਰੋਧੀ ਸ਼ਕਤੀਆਂ ਸਿਰਜ ਕੇ ਸਦੀਆਂ ਤੋਂ ਚਲੀ ਆ ਰਹੀ ਦੱਬਣ ਕੁਚਲਣ ਵਾਲੀ ਮਾਨਸਿਕਤਾ ਉਜਾਗਰ ਕੀਤੀ ਹੈ। ਔਰਤ ਦੀ ਸਥਿਤੀ ਦਲਿਤ ਅਤੇ ਨਿਮਾਣੀ ਹੀ ਸਿਰਜੀ ਗਈ ਹੈ। ਕਾਦਰਯਾਰ ਆਪਣੇ ਕਿੱਸੇ ਪੂਰਨ ਭਗਤ ਵਿਚ ਔਰਤ ਨੂੰ

PURVA MIMAANSA

ਵਿਭਚਾਰਨ ਪੇਸ਼ ਕਰਦਾ ਹੈ:

"ਇਹਨਾਂ ਤ੍ਰੀਮਤਾਂ ਖਾਨ ਨਿਵਾਇ ਦਿੱਤੇ,
ਰਾਜੇ ਭੋਜ ਉਤੇ ਅਸਵਾਰ ਹੋਇਆ
ਮਾਰ ਅੱਡੀਆਂ ਅਕਲ ਭੁਲਾਇ ਦਿੱਤੇ।
ਪੂਰਨ ਵਿਚਾਰਾ ਸੀ ਕੌਣ ਕੋਈ ,
ਯੁਸੁਫ ਜਿਹੇ ਤਾ ਖੂਹ ਪੁਵਾਇ ਦਿੱਤੇ।
ਕਾਦਰਯਾਰ ਤ੍ਰੀਮਤਾਂ ਡਾਢੀਆਂ ਨੀ ,
ਦਹਿਸਰ ਜੇਹੇ ਤਾਂ ਥਾਇ ਮਰਵਾਏ ਦਿੱਤੇ।"(5)

ਕਿੱਸਾ ਪ੍ਰਹਿਲਾਦ ਭਗਤ ਵਿਚ ਵੀ ਜ਼ੁਲਮ,ਅਨੈਤਿਕ ਕਾਰਜਾਂ ਦੇ ਮਿਸ਼ਰਨ ਅੱਗੇ ਸਬਰ,ਦ੍ਰਿੜਤਾ ਅਤੇ ਸੱਚ ਹਾਰਦੇ ਹਨ।ਪੁਰਾਤਨ ਕਥਾ ਅਨੁਸਾਰ "ਹਰਨਾਖਸ ਬ੍ਰਹਮਾ ਨਾਲ ਟਕਰਾਉਂਦਾ ਹੈ।ਇੰਦਰ ਨੇ ਜੇ ਦੈਂਤਾਂ ਦਾ ਨਾਸ਼ ਕੀਤਾ ਤਾਂ ਇੰਦਰ ਦੀ ਪਤਨੀ ਨੂੰ ਬੰਧਕ ਬਣਾਉਣ ਦਾ ਯਤਨ ਕੀਤਾ । ਪਰ ਨਾਰਦ ਉਸਨੂੰ ਪੁੱਤਰੀ ਬਣਾ ਕੇ ਆਸ਼ਰਮ ਵਿਚ ਰੱਖਿਆ।"(6) ਬਾਪ ਹਰਨਾਖਸ ਦੀ ਮਰਜ਼ੀ ਮੁਤਾਬਕ ਉਸਦੀ ਮਾਂ ਪ੍ਰਹਿਲਾਦ ਨੂੰ ਪ੍ਰਭੂ ਨਾਮ ਤੋਂ ਰੋਕਦੀ ਹੈਪਰ ਸਮਾਜਿਕ ਦਬ ਤੋਂ ਨਾ ਡਰਦਾ ਪ੍ਰਹਿਲਾਦ ਅਟੱਲ ਰਹਿੰਦਾ ਹੈ,ਉਹ ਕਹਿੰਦਾ ਹੈ " ਮਾਂ ਹੋ ਕੇ ਨਰਕ ਵਿਚ ਪਾਵੇ,ਕੁਖੋਂ ਕੱਢ ਕੇ ਵੈਰ ਕਮਾਵਣ ਲੱਗੀ।"(7)

ਗੱਲ ਵਿਚਾਰਯੋਗ ਇਹ ਹੈ ਭਾਵੇਂ ਰਾਜੇ-ਬਾਪ ਪਤੀ ਨਾਲ ਕਿਸੇ ਦਾ ਸੰਬੰਧ ਹੈ ਪਰ ਸਮਾਜ ਦੀ ਸ਼ਕਤੀ ਅੱਗੇ ਸਭ ਦਲਿਤ ਨਜ਼ਰ ਆਉਂਦੇ ਹਕਿੱਸਾਕਾਰਾਂ ਨੇ ਵਿਅਕਤੀ ਸਮਾਜ ਅਤੇ ਸਮਾਜ ਦੇ ਪ੍ਰਸਪਰ ਟਕਰਾਉ ਵਿਚੋਂ ਦੇ ਉਸ ਦਰਦ ਨੂੰ ਬੜੀ ਸ਼ਿੱਦਤ ਨਾਲ ਪ੍ਰਗਟਾਇਆ ਹੈ।

ਕਿੱਸਾਕਾਰਾਂ ਨੇ ਵਿਅਕਤੀ ਅਤੇ ਸਮਾਜ ਦੇ ਪ੍ਰਸਪਰ ਟਕਰਾਉ ਵਿਚੋਂ ਵਿਅਕਤੀ ਦੇ ਉਸ ਦਰਦ ਨੂੰ ਬੜੀ ਸ਼ਿੱਦਤ ਨਾਲ ਪ੍ਰਗਟਾਇਆ ਹੈ ਜਿੱਥੇ ਉਹ ਇਕੱਲਾ ਨਿਤਾਣਾ ਅਤੇ ਬੇਵੱਸ ਹੋ ਕੇ ਸਮਾਜਕ ਫੈਸਲੇ ਅੱਗੇ ਟੁੱਟ ਜਾਂਦਾ ਹੈ।ਵਿਅਕਤੀ ਟੁੱਟ ਕੇ ਵੀ ਹਾਰਦਾ ਨਹੀਂ ਕਿਉਂਕਿ ਉਸਦੀ ਹਾਰ ਵਿਚੋਂ ਵੀ ਜਿੱਤ ਦਾ ਅਹਿਸਾਸ ਹੁੰਦਾ ਹੈ।ਅਜਿਹੀ ਜਿੱਤ ਜਿਸ ਅੱਗੇ ਸਮਾਜਿਕ ਮਰਿਆਦਾ ਅਰਥਹੀਣ ਹੋਕੇ ਰਹਿ ਜਾਂਦੀ ਹੈ।ਇਹੀ ਕਾਰਣ ਹੈ ਕਿ ਇਸ਼ਕ ਦੇ ਕਿੱਸਿਆਂ ਵਿਚ ਵਿਅਕਤੀ ਨਾਇਕ ਬਣ ਕੇ ਉਭਰਦਾ ਹੈ,ਇਕ ਪਰਤਿਮਾਨ ਸਿਰਜਦਾ ਹੈਜ ਜੋ ਭਵਿੱਖ ਲਈ ਪ੍ਰੇਰਣਾ ਬਣਦਾ ਹੈ।ਨਿਸ਼ਚੇ ਹੀ ਇਸ਼ਕ ਦੇ ਕਿੱਸ਼ਿਆਂ ਵਿਚ ਇਕ ਅਜਿਹੇ ਮਾਨਵ ਦਾ ਸੰਕਲਪ ਉਘੜਦਾ ਹੈ ਜੋ ਸਮਾਜਿਕ ਮਰਿਆਦਾ ਦੇ ਦਬਾਅ ਅੱਗੇ ਟੁੱਟਦਾ ,ਹਾਰਦਾ ਤਾਂ ਹੈ ਪਰ ਉਹ ਆਪਣੀ ਇਸ ਸੁਤੰਤਰ ਇੱਛਾ ਦੀ ਚੋਣ ਨੂੰ ਮਰ ਕੇ ਵੀ ਡੂੰਘਾ ਅਰਥ ਦੇ ਜਾਂਦਾ ਹੈ।ਕਿੱਸਾਕਾਰਾਂ ਦੀ ਵਡਿਆਈ ਇਹ ਹੈ ਕਿ ਉਹਨਾਂ ਨੇ ਅਜਿਹੇ ਮਾਨਵ ਨੂੰ ਹਮੇਸ਼ਾਂ ਲਈ ਭਵਿੱਖ ਨਾਲ ਜੋੜ ਦਿੱਤਾ ਹੈ।

ਇਸ਼ਕ ਦੇ ਕਿੱਸਿਆਂ ਵਿਚ ਜਿੱਥੇ ਵਿਦਰੋਹ ਸਮਜਿਕ ਮੁੱਲਾਂ ਦੇ ਦਬਾਅ ਪ੍ਰਤੀ ਹੈ,ਉਥੇ ਸੂਰਮਗਤੀ ਦੇ ਕਿੱਸਿਆਂ ਵਿਚ ਵਿਦਰੋਹ ਅਨਿਆਈ ਰਾਜੇ ਅਤੇ ਉਸਦੀ ਰਾਜ ਸੱਤਾ ਪ੍ਰਤੀ ਹੈ।ਜਿਸ ਵਿਚ ਆਮ ਵਿਅਕਤੀ ਤ੍ਰਾਸਦੀ ਭੋਗਦਾ ਹੈ।ਰਾਜਾ ਰਸਾਲੂ ਅਤੇ ਦੁੱਲਾ ਭੱਟੀ ਦਾ ਵਿਦਰੋਹਅਸਲ ਵਿਚ ਉਹਨਾਂ ਲੋਕਾਂ ਦਾ ਹੈ ਜੋ ਇਕ ਲੰਮੇ ਅਰਸੇ ਤੋਂ ਜੁਲਮ ਸਹਿੰਦੇ ਆ ਰਹੇ ਹਨ।ਰਸਾਲੂ ਦੇ ਸਾਥੀ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਉਹ ਦਲਿਤ ਵਰਗ ਦੀ ਮੁਕਤੀ ਕਰਾਉਣ ਵਾਲਾ ਮਸੀਹਾ ਹੈ ।ਇਸ਼ਕ ਅਤੇ ਸੂਰਮਗਗਤੀ ਦੇ ਕਿੱਸਿਆਂ ਦੇ ਸਮਵਿੱਥ ਭਗਤੀ ਦੇ ਕਿੱਸਿਆਂ ਵਿਚ ਵਿਦਰੋਹ ਸੰਸਾਰਕਤਾ ਦੇ ਦਬਾਅ



PURVA MIMAANSA

ਪ੍ਰਤੀ ਹੈ। ਸੰਸਾਰਕਤਾ ਦੇ ਦਬਾਅਨੂੰ ਭਗਤ ਆਪਣੀ ਅੰਦਰਲੀ ਆਤਮਕ ਸ਼ਕਤੀ ਰਾਹੀਂ ਰੱਦ ਕੇ ਆਪਣੀ ਮਾਨਵਤਾ ਦੀ ਪੁਸ਼ਟੀ ਕਰਦੇ ਹਨ। ਕਿੱਸਾ ਕਾਵਿ ਦੀ ਜੋ ਹਰ ਉਹ ਧਿਰ ਦਬਾਈ ਗਈ ਹੈ , ਆਪਣੀ ਅੰਦਰਲੀ ਸ਼ਕਤੀ ਉਭਾਰ ਕੇ ਇਕ ਨਵੇਂ ਪ੍ਰਤਿਮਾਨ ਦੀ ਸਥਾਪਨਾ ਕਰਦੀ ਹੈ ।ਧਿਆਨ ਨਾਲ ਦੇਖਿਏ ਥਾ ਇਹ ਪਤਾ ਲੱਗਦਾ ਹੈਕਿ ਦਲਿਤ ਮੁਕਤੀ ਦਾ ਮਾਡਲ ਕਿੱਸਾ ਕਾਵਿ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਕਾਵਿ ਉਹਨਾਂ ਧਿਰਾਂਦੀ ਜਾਗੀ ਹੋਈ ਸੁਰਤਿ ਦਾ ਪ੍ਰਗਟਾਵਾ ਹੈ ਜੋ ਕਿ ਲੰਮੇ ਅਰਸੇ ਤੋਂ ਤ੍ਰਾਸਦੀ ਭੋਗ ਰਹੇ ਹਨ।ਇਸ ਵਿਚੋਂ ਦਲਿਤ ਵਰਗਦੀ ਮੁਕਤੀ ਦਾ ਸੂਝ ਮਾਡਲ ਮਿਲਦਾਹੈ,ਜੋ ਕਿੱਸਾ ਕਾਵਿਦੀ ਵੱਡੀ ਪ੍ਰਾਪਤੀਹੈ।

ਹਵਾਲੇ ਅਤੇ ਟਿੱਪਣੀਆਂ

1. ਡਾ.ਬਿਕਰਮ ਸਿੰਘ ਘੁੰਮਣ ਅਤੇ ਚਰਨਜੀਤ ਸਿੰਘ ਗੁੰਮਟਾਲਾ ,ਕਿੱਸਾ ਦੁੱਲਾ ਭੱਟੀ,ਕ੍ਰਿਸ਼ਨ ਆਰਿਫ,ਪੰਨਾਂ-13
2. ਸੰਤ ਸਿੰਘ ਸੇਖੋਂ(ਸੰਪਾ.) ਹੀਰ ਵਾਰਿਸ ਸ਼ਾਹ ,ਪੰਨਾਂ-94-95
3. ਦੌਲਤ ਰਾਮ,ਕਿੱਸਾ ਰੂਪ ਬਸੰਤ,ਪੰਨਾਂ-78
4. ਡਾ . ਅਮਰਜੀਤ ਸਿੰਘ ਕਾਂਗ, (ਕਿੱਸਾ ਸੰਸਾਰ ),ਪੰਨਾਂ-164-165
5. ਡਾ.ਬਿਕਰਮ ਸਿੰਘ ਘੁੰਮਣ(ਸੰਪਾ.), ਕਿੱਸਾ ਪੂਰਨ ਭਗਤ, ਪਾਠ ਤੇ ਸਮੀਖਿਆ,ਪੰਨਾਂ-78
6. ਦੌਲਤ ਰਾਮ,ਕਿੱਸਾ ਰੂਪ ਬਸੰਤ,ਪੰਨਾਂ-58
7. ਦੌਲਤ ਰਾਮ,ਕਿੱਸਾ ਰੂਪ ਬਸੰਤ,ਪੰਨਾਂ-71

PURVA MIMAANSA